General Certificate of Education
Advanced Subsidiary Examination
June 2012

# Panjabi PANJ1

**Unit 1 Reading and Writing**

# Insert

**Text to be used when answering Section 1**

Text for use with **Section 1**

(ੳ)

## ਕਿੱਤੇ ਦੀ ਚੋਣ ਕਿਵੇਂ ਕਰੀਏ ?

ਅੱਜ ਕੱਲ੍ਹ ਨੌਜਵਾਨ ਉਹ ਕਿੱਤਾ ਚੁਣਨਾ ਚਾਹੁੰਦੇ ਹਨ ਜਿਸ ਵਿੱਚ ਪੈਸਾ ਅਤੇ ਸ਼ੁਹਰਤ ਹੋਣ ਦੇ ਨਾਲ ਨਾਲ ਨੌਕਰੀ ਤੋਂ ਸੰਤੁਸ਼ਟੀ ਵੀ ਮਿਲੇ। ਉਨ੍ਹਾਂ ਲਈ ਇਸ ਗੱਲ ਦਾ ਫੈਸਲਾ ਕਰਨਾ ਬਹੁਤ ਔਖਾ ਹੈ ਕਿਉਂਕਿ ਕਈ ਕਿਸਮ ਦੇ ਕੋਰਸ ਹਨ ਤੇ ਅਨੇਕਾਂ ਰਾਹ ਹਨ, ਪਰ ਚੋਣ ਕਿਸ ਦੀ ਕੀਤੀ ਜਾਵੇ ? ਨਿਰਪੱਖ ਸਲਾਹ ਤੇ ਸੇਧ ਦੇਣ ਵਾਲਾ ਕੋਈ ਨਹੀਂ ਹੈ। ਨੌਜਵਾਨ ਤਾਂ ਕੀ, ਕਈ ਵਾਰੀ ਤਾਂ ਮਾਪੇ ਵੀ ਨਹੀਂ ਸਮਝ ਸਕਦੇ ਕਿ ਉਨ੍ਹਾਂ ਦੇ ਬੱਚਿਆਂ ਲਈ ਉਚਿਤ ਕੀ ਹੈ। ਜ਼ਿਆਦਾਤਰ ਮਾਪੇ ਬੱਚਿਆਂ ਦੀ ਯੋਗਤਾ ਤੋਂ ਵੱਧ ਉਮੀਦ ਕਰਦੇ ਹੋਏ ਭੇਡ-ਚਾਲ ਕਾਰਨ ਕਈ ਵਾਰੀ ਬੱਚਿਆਂ ਨਾਲ ਅਨਿਆਂ ਕਰ ਬੈਠਦੇ ਹਨ। ਅਜਿਹੇ ਹਾਲਾਤ ਵਿੱਚ ਬੱਚੇ ਨਾ ਤਾਂ ਆਪਣੇ ਕਿੱਤੇ ਤੋਂ ਸੰਤੁਸ਼ਟ ਹੁੰਦੇ ਹਨ ਤੇ ਨਾ ਹੀ ਸਫਲਤਾ ਪ੍ਰਾਪਤ ਕਰ ਸਕਦੇ ਹਨ।

ਸਭ ਤੋਂ ਪਹਿਲਾਂ ਨੌਜਵਾਨਾਂ ਨੂੰ ਆਪਣੀ ਕੰਮ ਕਰਨ ਦੀ ਇੱਛਾ, ਦਿਲਚਸਪੀ ਅਤੇ ਯੋਗਤਾ ਬਾਰੇ ਜਾਣਨਾ ਚਾਹੀਦਾ ਹੈ। ਜਿਹੜਾ ਕੰਮ ਕਰਨ ਦਾ ਵਿਚਾਰ ਹੈ ਉਸ ਦੀ ਜ਼ਿੰਮੇਵਾਰੀ ਨਿਭਾਉਣ ਦੀ ਸਮਰਥਾ ਅਤੇ ਉਸ ਤੋਂ ਸੰਤੁਸ਼ਟੀ ਪ੍ਰਾਪਤ ਕਰਨ ਬਾਰੇ ਜਾਂਚ ਕਰਨੀ ਚਾਹੀਦੀ ਹੈ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਪਤਾ ਕਰਨਾ ਚਾਹੀਦਾ ਹੈ ਕਿ ਪੜ੍ਹਾਈ ਜਾਂ ਟਰੇਨਿੰਗ ਕਰਨ ਤੋਂ ਬਾਅਦ ਰੁਜ਼ਗਾਰ ਮਿਲਣ ਦੇ ਜਾਂ ਵਪਾਰ ਕਰਨ ਦੇ ਕਿੰਨੇ ਕੁ ਮੌਕੇ ਪ੍ਰਾਪਤ ਹੋਣਗੇ।

Text for use with **Section 1**

(ਅ)

## ਵਿਦੇਸ਼ ਜਾਣ ਵਾਲੇ ਪੰਜਾਬੀ ਨੌਜਵਾਨ

ਵਿਦੇਸ਼ ਜਾਣਾ ਅੱਜ ਕੱਲ੍ਹ ਪੰਜਾਬੀ ਨੌਜਵਾਨਾਂ ਲਈ ਸਵਰਗ ਦਾ ਸੁਪਨਾ ਲੈਣ ਦੇ ਬਰਾਬਰ ਹੈ। ਉਨ੍ਹਾਂ ਲਈ ਬਾਹਰ ਜਾਣਾ ਪੈਸਾ, ਖੁਸ਼ਹਾਲੀ ਤੇ ਐਸ਼ ਦੀ ਮੰਜ਼ਿਲ ਪ੍ਰਾਪਤ ਕਰਨਾ ਹੈ। ਇਸ ਕਾਰਨ ਉਹ ਵਿਦੇਸ਼ ਪਹੁੰਚਣ ਲਈ ਲੱਖਾਂ ਪਾਪੜ ਵੇਲਦੇ ਹਨ ਅਤੇ ਇੱਥੋਂ ਤੱਕ ਕਿ ਆਪਣੀ ਜਾਨ ਤੇ ਵੀ ਖੇਡ ਜਾਂਦੇ ਹਨ।

ਪੰਜਾਬੀਆਂ ਦੇ ਇਸ ਰੁਝਾਨ ਨੇ ਅਨੇਕਾਂ ਏਜੰਟ ਪੈਦਾ ਕੀਤੇ ਹਨ ਜਿਹੜੇ ਨੌਜਵਾਨਾਂ ਨੂੰ ਬਾਹਰ ਪਹੁੰਚਾਉਣ ਲਈ ਵੱਖ ਵੱਖ ਤਰ੍ਹਾਂ ਦੇ ਤਰੀਕੇ ਵਰਤਦੇ ਹਨ। ਇਹ ਏਜੰਟ ਨੌਜਵਾਨਾਂ ਤੋਂ ਲੱਖਾਂ ਰੁਪਏ ਲੁੱਟਦੇ ਹਨ ਅਤੇ ਸਭਿਆਚਾਰਕ ਸਰਗਰਮੀਆਂ, ਧਰਮ ਪ੍ਰਚਾਰ, ਪੜ੍ਹਾਈ ਆਦਿ ਦੇ ਬਹਾਨੇ ਮੁੰਡੇ-ਕੁੜੀਆਂ ਨੂੰ ਵਿਦੇਸ਼ ਭੇਜਦੇ ਹਨ। ਖਾਸ ਤੌਰ ਤੇ ਕਈ ਗਾਇਕਾਂ, ਰਾਗੀ-ਢਾਡੀਆਂ ਤੇ ਨਾਟਕ ਮੰਡਲੀਆਂ ਨੇ ਤਾਂ ਆਪਣਾ ਕੰਮ ਛੱਡ ਕੇ ਇਹ ਧੰਦਾ ਅਪਣਾ ਲਿਆ ਹੈ।

ਇਨ੍ਹਾਂ ਦੇ ਜਾਲ ਵਿੱਚ ਫਸੇ ਨੌਜਵਾਨਾਂ ਨੂੰ ਕਬੂਤਰ ਕਿਹਾ ਜਾਂਦਾ ਹੈ। ਇਨ੍ਹਾਂ ਏਜੰਟਾਂ ਦੇ ਬੰਦੇ ਪਿੰਡਾਂ ਸ਼ਹਿਰਾਂ ਵਿੱਚ ਇਨ੍ਹਾਂ ਲਈ ਇਹ ਕਬੂਤਰ ਫੜਦੇ ਹਨ। ਫਿਰ ਉਨ੍ਹਾਂ ਨੂੰ ਥੋੜ੍ਹੀ ਜਿਹੀ ਕਿੱਤੇ ਦੀ ਟਰੇਨਿੰਗ ਦੇ ਕੇ, ਝੂਠੇ ਸ਼ੋਅ ਕਰਵਾ ਕੇ, ਅਖਬਾਰਾਂ ਵਿੱਚ ਤਸਵੀਰਾਂ ਤੇ ਰਿਪੋਰਟਾਂ ਲਾ ਕੇ ਅਤੇ ਵਿਦੇਸ਼ੀ ਅੰਬੈਸੀ ਦੇ ਅਫਸਰਾਂ ਨੂੰ ਧੋਖਾ ਦੇ ਕੇ ਵੀਜ਼ਾ ਲੈ ਲਿਆ ਜਾਂਦਾ ਹੈ। ਵਿਦੇਸ਼ ਪਹੁੰਚ ਕੇ ਵੀਜ਼ਾ ਖਤਮ ਹੋਣ ਤੋਂ ਬਾਅਦ ਇਹ ਕਾਨੂੰਨ ਤੋਂ ਲੁਕ ਛਿਪ ਕੇ ਰਹਿੰਦੇ ਹਨ। ਕੰਮ ਕਾਰ ਦੀ ਘਾਟ ਕਰਕੇ ਬਹੁਤੇ ਨੌਜਵਾਨ ਭੁੱਖੇ ਰਹਿ ਕੇ ਤੇ ਸੜਕਾਂ ਤੇ ਸੌਂ ਕੇ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਦੇ ਹਨ।

**There are no questions printed on this page**

Copyright © 2012 AQA and its licensors. All rights reserved.